# ਵਰਕਸ਼ੀਟ

ਹਰੇਕ ਪ੍ਰਸ਼ਨ ਦੇ ਚਾਰ ਉੱਤਰ ਦਿੱਤੇ ਗਏ ਹਨ। ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ।

ਪ੍ਰਸ਼ਨ-1 ਬਚਪਨ ਤੋਂ ਬਾਅਦ ਉਮਰ ਵਧਣ 'ਤੇ ਵਿਅਕਤੀ ਕੀ ਹੋ ਜਾਂਦਾ ਹੈ?

ਉੱਤਰ- ੳ) ਬੁੱਢਾ ਅ) ਆਲਸੀ ੲ) ਜਵਾਨ ਸ) ਬਿਮਾਰ

ਪ੍ਰਸ਼ਨ-2 ਜਵਾਨੀ ਤੋਂ ਬਾਅਦ ਉਮਰ ਵਧਣ 'ਤੇ ਵਿਅਕਤੀ..... ਹੋ ਜਾਂਦਾ ਹੈ।

ਉੱਤਰ- ੳ) ਬੱਚਾ ਅ) ਜਵਾਨ ੲ) ਚੁਸਤ ਸ) ਬੁੱਢਾ

ਪ੍ਰਸ਼ਨ-3 ਜਵਾਨੀ ਵਿੱਚ ਵਿਅਕਤੀ......... ਹੁੰਦਾ ਹੈ।

ਉੱਤਰ- ੳ) ਆਲਸੀ ਅ) ਕਮਜ਼ੋਰ ੲ) ਤਕੜਾ ਸ) ਨਿਕੰਮਾ



Scanned with CamScanner

**ਪ੍ਰਸ਼ਨ-4 ਜਦੋਂ ਤੁਹਾਨੂੰ ਪਿਆਸ ਲਗਦੀ ਹੈ, ਤਾਂ ਤੁਸੀਂ........**

ਉੱਤਰ- ੳ) ਚਾਹ ਪੀਂਦੇ ਹੋ। ਅ) ਰੋਟੀ ਖਾਂਦੇ ਹੋ। ੲ) ਪਾਣੀ ਪੀਂਦੇ ਹੋ। ਸ) ਸੇਬ ਖਾਂਦੇ ਹਨ।

**ਪ੍ਰਸ਼ਨ-5 ਸਾਨੂੰ ਪਰਿਵਾਰ ਦੇ ਬਜ਼ੁਰਗਾਂ ..........**

ਉੱਤਰ- ੳ) ਨੂੰ ਉਹਨਾਂ ਦੇ ਹਾਲ ਤੇ ਛੱਡ ਦੇਣਾ ਚਾਹਿਦਾ ਹੈ। ਅ) ਦੀ ਸਾਂਭ-ਸੰਭਾਲ਼ ਕਰਨੀ ਚਾਹੀਦੀ ਹੈ।

ੲ) ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਸ) ਦੀ ਗੱਲ ਨਹੀਂ ਸੁਣਨੀ ਚਾਹੀਦੀ।

**ਪ੍ਰਸ਼ਨ-6 ਬਰੇਲ-ਲਿੱਪੀ ਦੀ ਵਰਤੋਂ ਨਾਲ਼, ਪੜ੍ਹਨ ਵਿੱਚ ਕਿਵੇਂ ਮਦਦ ਮਿਲਦੀ ਹੈ?**

ਉੱਤਰ- ੳ) ਅੱਖਰ ਦੇਖ ਕੇ ਅ) ਅੱਖਰਾਂ ਦੀਆਂ ਬਿੰਦੀਆਂ ਛੂਹ ਕੇ

ੲ) ਸੰਕੇਤ ਪਛਾਣ ਕੇ ਸ) ਕਿਸੇ ਦੀ ਸਹਾਇਤਾ ਨਾਲ਼

**ਪ੍ਰਸ਼ਨ-7 ਬਰੇਲ-ਲਿੱਪੀ ਵਿੱਚ ਕਾਗਜ਼ ਵਿੱਚ ਸੂਈ ਖੁਭੋ-ਖੁਭੋ ਕੇ ਹਰ ਅੱਖਰ ਲਈ ਕੀ ਬਣਾਇਆ ਜਾਂਦਾ ਹੈ?**

ਉੱਤਰ- ੳ) ਤਸਵੀਰਾਂ ਅ) ਬਿੰਦੀਆਂ ੲ) ਆਕ੍ਰਿਤੀਆਂ ਸ) ਸਲੇਟਾਂ

**ਪ੍ਰਸ਼ਨ-8 ਛੂਹ ਕੇ ਪੜ੍ਹੀ ਜਾਣ ਵਾਲ਼ੀ ਲਿੱਪੀ ਨੂੰ ਕੀ ਕਹਿੰਦੇ ਹਨ?**

ਉੱਤਰ- ੳ) ਬਰੇਲ-ਲਿੱਪੀ ਅ) ਰੋਮਨ-ਲਿੱਪੀ ੲ) ਗੁਰਮੁਖੀ-ਲਿੱਪੀ ਸ) ਪ੍ਰਕ੍ਰਿਤਿਕ-ਲਿੱਪੀ

**ਪ੍ਰਸ਼ਨ-9 ਬਰੇਲ-ਲਿੱਪੀ ਕਿਸ ਨੇ ਤਿਆਰ ਕੀਤੀ?**

ਉੱਤਰ- ੳ) ਜਾਨਸਨ ਨੇ ਅ) ਐਡਵਰਡ ਨੇ ੲ) ਲੂਈਸ ਬਰੇਲ ਨੇ ਸ) ਕਿਸੇ ਨੇ ਵੀ ਨਹੀਂ

**ਪ੍ਰਸ਼ਨ-10 ਜਿਨ੍ਹਾਂ ਬੱਚਿਆਂ ਨੂੰ ਸੁਣਦਾ ਨਹੀਂ, ਉਹ ਅਧਿਆਪਕ ਦੀ ਗੱਲ ਕਿਵੇਂ ਸਮਝਦੇ ਹਨ?**

ਉੱਤਰ- ੳ) ਅੱਖਰਾਂ ਰਾਹੀਂ ਅ) ਬੋਲੀ ਰਾਹੀਂ ੲ) ਛੂਹ ਕੇ ਸ) ਇਸ਼ਾਰਿਆਂ ਰਾਹੀਂ

**ਪ੍ਰਸ਼ਨ-11 ਤਸਵੀਰ ਇਸ਼ਾਰਾ ਕਰ ਰਹੀ ਹੈ ਕਿ...........**



ਉੱਤਰ- ੳ) ਉੱਚਾ ਰਹੋ। ਅ) ਹਾਰ ਗਏ।

ੲ) ਅਸੀਂ ਜਿੱਤ ਗਏ। ਸ) ਖੁਸ਼ ਹੋ ਗਏ।

**ਪ੍ਰਸ਼ਨ-12 ਬੁਢਾਪੇ ਵਿੱਚ ਸਰੀਰ...... ਹੋ ਜਾਂਦਾ ਹੈ।**

ਉੱਤਰ- ੳ) ਤਕੜਾ ਅ) ਤੰਦਰੁਸਤ ੲ) ਕਮਜ਼ੋਰ ਸ) ਮਜ਼ਬੂਤ

Scanned with CamScanner